ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਾਜ਼ਿਲਕਾ

ਲੜਕੀਆਂ ਨੂੰ ਲੜਕਿਆਂ ਦੇ ਦੇਣੇ ਚਾਹੀਦੇ ਹਨ ਬਰਾਬਰ ਅਧਿਕਾਰ-ਮੱਧੂ ਸੂਦਨ ਸ਼ਰਮਾ

ਕੈਮਲ ਸਫਾਰੀ ਯਾਤਰਾ ਦਾ ਸਟੇਡੀਅਮ ਪਹੁੰਚਣ 'ਤੇ ਕੀਤਾ ਗਿਆ ਭਰਵਾਂ ਸਵਾਗਤ

ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ

ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਚੁੰਕਾਈ ਗਈ ਸਹੁੰ

1183 ਕਿਲੋਮੀਟਰ ਦਾ ਸਫਰ ਤੈਅ ਕਰਕੇ ਜ਼ਿਲ੍ਹੇ ਅੰਦਰ ਪਹੁੰਚੀ ਇਹ ਯਾਤਰਾ

ਬੇਟੀ ਬਚਾਓ ਬੇਟੀ ਪੜ੍ਹਾਓ ਦੇ ਨਾਅਰੇ ਹਿੱਤ ਸ਼ੁਰੂ ਕੀਤੀ ਸੀ ਯਾਤਰਾ

2 ਅਕਤੂਬਰ ਨੂੰ ਬਾਘਾ ਬਾਰਡਰ ਪਹੁੰਚੇ ਕੇ ਯਾਤਰਾ ਦਾ ਹੋਵੇਗਾ ਸਮਾਪਨ

ਯਾਤਰਾ 'ਚ ਸ਼ਾਮਿਲ ਨੇ 20 ਜਾਂਬਾਜ ਬਹਾਦਰ ਮਹਿਲਾਵਾਂ

ਬਹੁਮੰਤਵੀ ਸਟੇਡੀਅਮ ਵਿਖੇ ਕੀਤਾ ਗਿਆ ਪ੍ਰੋਗਰਾਮ ਦਾ ਆਯੋਜਨ

ਫਾਜ਼ਿਲਕਾ 25 ਸਤੰਬਰ

ਜ਼ਿਲ੍ਹਾ ਪ੍ਰਸ਼ਾਸਨ ਤੇ ਸੀਮਾ ਸੁਰੱਖਿਆ ਬਲ ਦੀ 96ਵੀਂ ਬਟਾਲੀਅਨ ਦੇ ਸਹਿਯੋਗ ਨਾਲ ਸਥਾਨਕ ਐਮ.ਆਰ.ਕਾਲਜ ਦੇ ਬਹੁਮੰਤਵੀ ਸਟੇਡੀਅਮ ਵਿਖੇ ਜ਼ਿਲ੍ਹੇ ਅਦਰ ਅੰਦਰ ਬੇਟੀ ਬਚਾਓ ਬੇਟੀ ਪੜ੍ਹਾਓ ਦੇ ਨਾਅਰੇ ਨੂੰ ਮੁੱਖ ਰੱਖ ਕੇ ਪਹੁੰਚੀ ਕੈਮਲ ਸਫਾਰੀ ਯਾਤਰਾ ਦੇ ਸਵਾਗਤ ਨੂੰ ਲੈ ਕੇ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿਖੇ ਡੀ.ਆਈ.ਜੀ. ਬੀ.ਐਸ.ਐਫ. ਅਬੋਹਰ ਸ੍ਰੀ ਮੱਧੂ ਸੁਦਨ ਸ਼ਰਮਾ ਨੇ

ਵਿਸ਼ੇਸ਼ ਤੌਰ ’ਤੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਉਨ੍ਹਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਮੁਹਿੰਮ ਤਹਿਤ ਸਾਨੂੰ ਲੜਕੀਆਂ ਨੂੰ ਲੜਕਿਆਂ ਦੇ ਬਰਾਬਰ ਅਧਿਕਾਰੀ ਦੇਣੇ ਚਾਹੀਦੇ ਹਨ। ਉਨ੍ਹਾਂ ਕਿਹਾ ਲੜਕੀਆਂ ਕਿਸੇ ਪੱਖੋਂ ਵੀ ਲੜਕਿਆਂ ਤੋਂ ਘੱਟ ਨਹੀਂ ਸਗੋਂ ਹਰ ਖੇਤਰ ਵਿੱਚ ਮੱਲਾਂ ਮਾਰ ਰਹੀਆਂ ਹਨ।

ਸ੍ਰੀ ਮੱਧੂ ਸੁਦਨ ਸ਼ਰਮਾ ਨੇ ਦੱਸਿਆ ਕਿ ਇਸ ਯਾਤਰਾ ਵਿੱਚ ਭਾਰਤੀ ਸੀਮਾ ਸੁਰੱਖਿਆ ਬਲ ਦੀਆਂ 20 ਜਾਬਾਂਜ ਬਹਾਦਰ ਮਹਿਲਾਵਾਂ ਨੇ ਉਠਾਂ ’ਤੇ ਸਵਾਰ ਹੋ ਕੇ ਗੁਜਰਾਤ ਤੇ ਰਾਜਸਥਾਨ ਦੇ ਸਰਹੱਦੀ ਖੇਤਰਾਂ ਤੋਂ ਹੁੰਦੇ ਹੋਏ ਰਾਜਸਥਾਨ ਦੇ ਹਿੰਦੂਮਲ ਕੋਟ ਚੌਂਕੀ ਤੋਂ ਪੰਜਾਬ ਵਿੱਚ ਪ੍ਰਵੇਸ਼ ਕੀਤਾ। ਉਨ੍ਹਾਂ ਦੱਸਿਆ ਕਿ 41 ਦਿਨਾਂ ਤੋਂ ਲਗਪਗ 1183 ਕਿਲੋਮੀਟਰ ਦਾ ਸਫਰ ਤੈਅ ਕਰਕੇ ਇਹ ਯਾਤਰਾ ਜ਼ਿਲ੍ਹੇ ਅੰਦਰ ਪਹੁੰਚੀ ਹੈ ਤੇ ਅਗਲੇ 8 ਦਿਨਾਂ ’ਚ ਲਗਪਗ 185 ਕਿਲੋਮੀਟਰ ਦਾ ਸਫਰ ਤੈਅ ਕਰਕੇ 2 ਅਕਤੂਬਰ ਨੂੰ ਬਾਘਾ ਬਾਰਡਰ ਪਹੁੰਚੇ ਕੇ ਆਪਣੀ ਯਾਤਰਾ ਦਾ ਸਮਾਪਨ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਯਾਤਰਾ ਦੀ ਅਗਵਾਈ ਸਹਾਇਕ ਕਮਾਂਡੈਂਟ ਤੇ ਭਾਰਤੀ ਵਾਯੂ ਸੇਨਾ ਦੀ ਸਕਵਾਡਰਨ ਲੀਡਰ ਅਨੁਸ਼ਕਾ ਲੋਮਸ ਤੇ ਸੀਮਾ ਸੁਰੱਖਿਆ ਬਲ ਦੀ ਮਹਿਲਾ ਅਧਿਕਾਰੀ ਤਨੁਸ਼੍ਰੀ ਪਾਰਿਕ ਨੇ ਕੀਤੀ। ਇਸ ਯਾਤਰਾ ਦੀ ਅਗਵਾਈ ਕਰ ਰਹੀਆਂ ਜਾਬਾਂਜ ਮਹਿਲਾਵਾਂ ਨੇ ਦੱਸਿਆ ਕਿ ਉਨ੍ਹਾਂ ਦਾ ਯਾਤਰਾ ਕਰਨ ਦਾ ਮੁੱਖ ਮਕਸਦ ਭਾਰਤੀ ਸਮਾਜ ਅੰਦਰ ਲੜਕੀਆਂ ਦੀ ਸਥਿਤੀ

ਨੂੰ ਮਜ਼ਬੂਤ ਕਰਨਾ ਤੇ ਉਨ੍ਹਾਂ ਨੂੰ ਹਰ ਖੇਤਰ ਵਿੱਚ ਅੱਗੇ ਵੱਧਣ ਲਈ ਪ੍ਰੇਰਿਤ ਕਰਨਾ ਹੈ।

ਸਮਾਗਮ ਦੌਰਾਨ ਵੱਖ-ਵੱਖ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਇਸ ਮੌਕੇ ਸੀਮਾ ਸੁਰੱਖਿਆ ਬਲ ਦੀ 96ਵੀਂ ਬਟਾਲੀਅਨ ਵੱਲੋਂ ਦੇਸ਼-ਭਗਤੀ ਦੇ ਗੀਤ ਵੀ ਗਾਏ ਗਏ। ਇਸ ਤੋਂ ਇਲਾਵਾ ਡੀ.ਸੀ. ਤੇ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਭੰਗੜਾ ਪੇਸ਼ ਕੀਤਾ ਗਿਆ। ਪਿੰਡ ਚੁਆੜਿਆਂ ਵਾਲੀ ਤੇ ਨੈਸ਼ਨਲ ਡਿਗਰੀ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਗਿੱਧਾ ਪੇਸ਼ ਕੀਤਾ ਗਿਆ। ਇਸ ਮੌਕੇ ਦਿ ਖਾਲਸਾ ਫੋਰਸ ਗੱਤਕਾ ਅਖਾੜਾ ਫਾਜ਼ਿਲਕਾ ਵੱਲੋਂ ਗੱਤਕੇ ਦੇ ਜ਼ੌਹਰ ਦਿਖਾਏ ਗਏ। ਇਸ ਉਪਰੰਤ ਮੁੱਖ ਮਹਿਮਾਨ ਵੱਲੋਂ ਕੈਮਲ ਸਫਾਰੀ ਯਾਤਰਾ ਦੀਆਂ ਜਾਬਾਂਜ ਮਹਿਲਾਵਾਂ ਤੇ ਸਮਾਗਮ ਵਿੱਚ ਪ੍ਰੋਗਰਾਮ ਪੇਸ਼ ਕਰਨ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਇਸ ਉਪਰੰਤ ਜ਼ਿਲ੍ਹੇ ਅੰਦਰ ਚਲਾਏ ਜਾ ਰਹੇ ਸਵੱਛਤਾ ਪੰਦਰਵਾੜੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਵੱਛਤਾ ਹੀ ਸੇਵਾ ਮੁਹਿੰਮ ਦੀ ਸਹੁੰ ਚੁਕਾਈ ਗਈ। ਇਸ ਮੁਹਿੰਮ ਤਹਿਤ ਕਾਲਜ, ਸਿਹਤ ਸੰਸਥਾਵਾਂ, ਰੇਲਵੇ ਤੇ ਬਸ ਸਟੇਸ਼ਨ ਤੇ ਜਨਤਕ ਥਾਵਾਂ ਨੂੰ ਸਾਫ ਰੱਖਣ ਦਾ ਟੀਚਾ ਮਿਥਿਆ ਗਿਆ। ਸਵੱਛਤਾ ਮੁਹਿੰਮ ਤਹਿਤ ਪਿੰਡਾਂ ਤੇ ਕਸਬਿਆਂ 'ਚ ਖੁੱਲ੍ਹੇ 'ਚ ਸ਼ੋਚ ਕਰਨ ਵਾਲਿਆਂ ਨੂੰ ਖੁੱਲ੍ਹੇ 'ਚ ਸ਼ੋਚ ਨਾ ਕਰਨ ਲਈ ਵੀ ਪ੍ਰੇਰਿਆ ਗਿਆ।

ਇਸ ਮੌਕੇ ਕਮਾਂਡੈਂਟ ਬੀ.ਐਸ.ਐਫ. ਅਬੋਹਰ ਮਹਿੰਦਰ ਕੁਮਾਰ ਸਹਾਰਨ ਤੇ ਐਚ.ਪੀ. ਸੋਢੀ, ਸੀਮਾ ਸੁਰੱਖਿਆ ਦੇ ਕਮਾਂਡੈਂਟ ਸ੍ਰੀ ਨਰੇਸ਼ ਕੁਮਾਰ, ਡਿਪਟੀ ਕਮਾਂਡੈਂਟ ਸ੍ਰੀ ਐਲ.ਸੀ. ਬੈਨੀਵਾਲ ਤੇ ਸ੍ਰੀ ਅਨਿਲ ਕੁਮਾਰ, ਪ੍ਰਿੰਸੀਪਲ ਸਰਕਾਰੀ ਸਕੂਲ ਸ੍ਰੀ ਰਜਿੰਦਰ ਕੁਮਾਰ ਤੇ ਸਮਾਜ ਸੇਵੀ ਲੀਲਾਧਾਰ ਸ਼ਰਮਾ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।